# ਰਾਸ਼ਟਰੀ ਮੁਸਲਿਮ ਨੀਤੀ:  ਸਾਨੂੰ ਕਾਰਜਨੀਤੀ ਬਦਲਣ ਦੀ ਲੋੜ ਹੈ

ਡਾ ਸੈਯਦ ਜ਼ਫਰ ਮਹਿਮੂਦ, ਪ੍ਰਧਾਨ, ਜ਼ਾਕਾਤ ਫਾਉਂਡੇਸ਼ਨ ਔਫ ਇੰਡੀਆ, ਨਵੀਂ ਦਿੱਲੀ

info@zakatindia.org

ਪਵਿੱਤਰ ਕੁਰਾਨ (17.70) ਵਿੱਚ ਪ੍ਰਮਾਤਮਾ ਨੇ ਕਿਹਾ ਹੈ ਕਿ ਹਰੇਕ ਮਨੁੱਖ ਨੂੰ ਬਰਾਬਰ ਦਰਜੇ ਦੀ ਇੱਜ਼ਤ ਬਖਸ਼ੀ ਗਈ ਹੈ। ਕਿਤੇ ਹੋਰ (49.13) ਪ੍ਰਮਾਤਮਾ ਕਹਿੰਦਾ ਹੈ, ਆਪਸੀ ਸੋਚ ਸ਼ਕਤੀ ਅਤੇ ਸੰਵਾਦਾਤਮਿਕ ਸੁਵਿਧਾ ਲਈ, ਉਸਨੇ ਮਾਨਵਤਾ ਨੂੰ ਜਾਤੀਆਂ/ਰਾਸ਼ਟਰਾਂ ਅਤੇ ਜਨਜਾਤੀਆਂ/ਕਬੀਲਿਆਂ ਵਿੱਚ ਵੰਡ ਦਿੱਤਾ ਹੈ।  ਇਸ ਤਰ੍ਹਾਂ, ਵਿਅਕਤੀਗਤ ਅਤੇ ਸਮੂਹਿਕ ਹੋਂਦ ਦੋਵਾਂ ਨੂੰ ਹੀ ਪ੍ਰਮਾਤਮਾ ਵੱਲੋਂ ਪਹਿਚਾਣ ਅਤੇ ਆਸਰਾ ਬਖਸ਼ਿਆ ਗਿਆ। ਲਗਭਗ ਦਰਜਨਾਂ ਪਾਠਾਂ ਦੇ ਹੋਰਨਾਂ ਛੰਦਾਂ ਵਿੱਚ ਦਰਜ ਪ੍ਰਮਾਤਮਾ ਵੱਲੋਂ ਯੋਗਤਾ, ਗਿਆਨ, ਅਤੇ ਵਿਅਕਤੀਗਤ ਤੇ ਸਮਾਜਿਕ ਦੋਵੇਂ ਤਰ੍ਹਾਂ ਦੇ ਉਦੇਸ਼ਪੂਰਨ ਕੰਮਾਂ ਅਤੇ ਖੁਸ਼ਹਾਲੀ ਬਾਰੇ ਦਿੱਤੇ ਪੈਗਾਮਾਂ ਬਾਰੇ ਜਾਣ ਸਕਦੇ ਹਾਂ। ਇਹ ਸਭ ਕਹਿੰਦੇ ਹੋਏ, ਪ੍ਰਮਾਤਮਾ ਨੇ ਸਮੁੱਚੀ ਮਾਨਵਤਾ ਨੂੰ ਸੰਬੋਧਨ ਕੀਤਾ ਹੈ - ਮਨੁੱਖੀ ਜਾਤੀ ਦੇ ਹਰੇਕ ਵਰਗ ਤਕ ਇਸ ਪੈਗਾਮ ਨੂੰ ਫੈਲਾਇਆ ਹੈ। ਆਉ ਅਸੀਂ ਜਾਣਦੇ ਹਾਂ ਕਿ ਅਨੁਸੂਚਿਤ ਜਾਤੀਆਂ ਅਤੇ 'ਹੋਰ ਪਿਛੜੀਆਂ ਜਾਤੀਆਂ' ਨਾਲ ਹੁੰਦੇ ਸਮਾਜਿਕ ਵਿਤਕਰੇ ਨੂੰ ਸੁਲਝਾਉਣ ਲਈ, ਅਤੇ ਭਾਰਤ ਦੇ ਨਿਆਂ ਅਤੇ ਨਿਰਪੱਖਤਾ ਤੋਂ ਵਾਂਝੇ ਮੁਸਲਮਾਨਾਂ ਅਤੇ ਇਸਾਈ ਸਮਾਜ ਲਈ ਇੱਕਜੁੱਟ ਹੋ ਕੇ ਨਿਆਂ ਬਹਾਲ ਕਰਨ ਲਈ ਈਸ਼ਵਰ ਦੇ ਇਸ ਜਨ-ਆਦੇਸ਼ ਦਾ ਉਪਯੋਗ ਕਿਵੇਂ ਕਰ ਸਕਦੇ ਹਾਂ।

1947 ਦੀ ਆਜ਼ਾਦੀ ਦੇ ਹਾਲ ਹੀ ਵਿੱਚ ਪੂਰੇ ਹੋਏ 65 ਸਾਲਾਂ ਦੇ ਭਾਰਤੀ ਇਤਿਹਾਸ ਵਿੱਚ ਸਪਸ਼ਟ ਸਬੂਤ ਮਿਲਦੇ ਹਨ ਕਿ ਮੁਸਲਮਾਨ ਬਹੁਤ ਪਿਛੜੇ ਹੋਏ ਹਨ ਅਤੇ ਤਰੱਕੀ ਦੇ ਹਰੇਕ ਖੇਤਰ ਵਿੱਚ ਹੋਰ ਧਰਮਾਂ ਨੂੰ ਮੰਨਣ ਵਾਲਿਆਂ ਤੋਂ ਪਿਛੜੇ ਹੋਏ ਹਨ। ਇਹ ਮੁੱਦਾ ਵਿਸ਼ੇਸ਼ ਤੌਰ 'ਤੇ ਉਦੋਂ ਤੋਂ ਸਪਸ਼ਟ ਹੋਇਆ ਹੈ ਜਦੋਂ ਤੋਂ ਸੱਚਾਰ ਕਮੇਟੀ ਅਤੇ ਮਿਸ਼ਰਾ ਕਮਿਸ਼ਨ ਦੀਆਂ ਦਸਤਾਵੇਜ਼ੀ ਰਿਪੋਰਟਾਂ ਸਰਵਜਨਕ ਹੋਈਆਂ ਹਨ। ਇਨ੍ਹਾਂ ਰਿਪੋਰਟਾਂ ਵਿੱਚ ਇਸ ਪਿਛੜੇਪਣ ਦੇ ਪਿੱਛੇ ਦੇ ਨਿਮਨ ਕਾਰਕਾਂ ਨੂੰ ਸਾਹਮਣੇ ਲਿਆਂਦਾ ਗਿਆ ਹੈ: (1) 1950 ਤੋਂ ਬਾਅਦ, ਮੁਸਲਮਾਨਾਂ ਅਤੇ ਇਸਾਈਆਂ ਨੂੰ ਇੱਕ ਕੇਂਦਰੀ ਕਾਰਜਕਾਰੀ ਆਦੇਸ਼ ਦੇ ਰਾਹੀਂ ਅਨੁਸੂਚਿਤ ਜਾਤੀਆਂ ਦੇ ਰੂਪ ਵਿੱਚ ਪਰਿਭਾਸ਼ਿਤ ਕਰਦੇ ਹੋਏ, ਸੰਸਦ ਅਤੇ ਰਾਜ ਵਿਧਾਨਸਭਾਵਾਂ, ਸਰਕਾਰੀ ਦਫ਼ਤਰਾਂ ਅਤੇ ਸਿੱਖਿਅਕ ਸੰਸਥਾਵਾਂ ਵਿੱਚ 15% ਦੀ ਮੈਂਬਰਸ਼ਿਪ ਤੋਂ ਬਾਹਰ ਰੱਖਿਆ ਗਿਆ ਹੈ। (2) ਜਿਨ੍ਹਾਂ ਚੋਣ ਇਲਾਕਿਆਂ ਵਿੱਚ ਕਾਫੀ ਸੰਖਿਆ ਵਿੱਚ ਮੁਸਲਿਮ ਆਬਾਦੀ ਵੀ ਹੈ ਫਿਰ ਵੀ ਉਹਨਾਂ ਨੂੰ ਅਨੁਸੂਚਿਤ ਜਾਤੀਆਂ (ਐਸਸੀ) ਅਤੇ ਹੋਂਦ-ਹੀਣ ਜਾਂ ਸੰਖਿਆ ਦੇ ਹਿਸਾਬ ਨਾਲ ਮਹੱਤਵਹੀਣ ਐਸਸੀ ਜਾਤੀਆਂ ਵਿੱਚ ਗਿਣਿਆ ਜਾਂਦਾ ਹੈ। (3) ਮੁਸਲਿਮ-ਵਿਰੋਧੀ ਪੱਖਵਾਦ, ਰਾਸ਼ਟਰੀ ਭਾਵਨਾ ਦੇ ਰੂਪ ਵਿੱਚ ਗਹਿਰਾਈ ਨਾਲ ਜੰਮਿਆ ਹੋਇਆ ਹੈ। ਅਤੇ, (4)

ਸੱਤਾਰੂੜ ਸੰਸਥਾਵਾਂ ਨੇ ਲਗਾਤਾਰ ਨੇ ਇਹ ਮੰਨਿਆ ਹੈ ਕਿ ਵੱਡੀ ਗਿਣਤੀ ਵਿੱਚ ਮੁਸਲਿਮ ਆਬਾਦੀ ਹੋਣ ਦੇ ਬਾਵਜੂਦ ਵੀ ਕੁਝ ਸਰਕਾਰੀ ਅਹੁਦਿਆਂ 'ਤੇ ਹੇਠਲੇ ਪੱਧਰ ਦੇ ਅਧਿਕਾਰ ਅਤੇ ਨਿਆਂ 'ਤੇ ਹੀ ਕੁਝ ਕੁ ਮੁਸਲਮਾਨਾਂ ਨੂੰ ਰੱਖਿਆ ਗਿਆ ਹੈ।

ਪਿਛਲੇ 65 ਸਾਲਾਂ ਤੋਂ, ਸਹਿਵਰਤੀ ਸਾਧਨ ਦੇ ਰੂਪ ਵਿੱਚ - ਸਮੁੱਚੇ ਰਾਜਨੀਤਿਕ ਸਪੈਕਟ੍ਰਮ ਨਾਲ ਮੇਲ ਖਾਂਦੇ ਨਿਯੋਜਿਤ ਡਿਜ਼ਾਇਨ ਵਿੱਚ - ਮੁਸਲਿਮ ਸਮਾਜ ਨੂੰ ਅਨਿਸ਼ਚਿਤਤਾ ਅਤੇ ਸ਼ੱਕ ਨਾਲ ਦੇਖਿਆ ਗਿਆ ਹੈ ਜਾਂ ਉਨ੍ਹਾਂ ਦੀ ਹੋਂਦ 'ਤੇ ਕਾਲੇ ਬੱਦਲ ਛਾਏ ਹੋਏ ਹਨ। ਆਪਣੇ ਆਪ ਨੂੰ ਧਰਮ-ਨਿਰਪੱਖ ਪ੍ਰਬੰਧਕ ਕਹਿਣ ਵਾਲੇ ਮੁਸਲਿਮ ਸਮਾਜ ਦੀ ਹਿਫਾਜਤ ਅਤੇ ਸੁਰੱਖਿਆ ਕਰਨ ਦੀ ਗਾਰੰਟੀ ਦੇ ਕੇ ਮੁਸਲਿਮ ਵੋਟਾਂ ਦੀ ਝਾਕ ਕਰਦੇ ਹਨ। ਦੂਜੇ ਪਾਸੇ, ਸੱਜੇਪੱਖੀ ਚਰਮਪੰਥੀ ਭੋਲੇ-ਭਾਲੇ ਅਤੇ ਅਕਸਰ ਘੱਟ ਪੜ੍ਹੇ-ਲਿਖੇ ਗੈਰ-ਮੁਸਲਿਮ ਵੋਟਰਾਂ (ਹਾਲਾਂਕਿ ਉਹ ਗਿਣਤੀ ਵਿੱਚ ਨਹੀਂ ਹਨ) 'ਤੇ 'ਹਿੰਦੂ-ਪਹਿਚਾਣ 'ਤੇ ਮੁਸਲਿਮ ਹਮਲੇ ਦੇ ਜੋਖਿਮ'ਨੂੰ ਰੋਕਣ ਵਿੱਚ ਲੱਗੇ ਹੋਏ ਹਨ। ਇਸ ਕਿਰਿਆ ਵਿੱਚ, ਭਾਰਤੀ ਮੁਸਲਮਾਨਾਂ 'ਤੇ ਵਿਦੇਸ਼ੀ ਅਤੇ ਅੱਤਵਾਦੀ ਹੋਣ ਦਾ ਸ਼ੱਕ ਕਰਨਾ ਰਾਜਨੀਤਿਕ-ਨੌਕਰਸ਼ਾਹੀ ਫੈਸ਼ਨ ਬਣ ਗਿਆ ਹੈ। ਮੁਸਲਿਮ ਨੌਜਵਾਨਾਂ ਨੂੰ ਲੰਬੇ ਸਮੇਂ ਤੱਕ ਕੈਦ ਕਰਕੇ ਰੱਖਣਾ, ਉਨ੍ਹਾਂ ਦੀ ਬੇਕਸੂਰੀ ਦੇ ਸਬੂਤ ਨਾ ਮਿਲਣ ਕਾਰਨ ਦੋਸ਼ੀ ਮੰਨਣਾ ਅਤੇ ਰਿਹਾਅ ਨਾ ਕਰਨਾ ਅਤੇ ਉਨ੍ਹਾਂ ਨਾਲ ਕੀਤਾ ਜਾਂਦਾ ਘੋਰ ਅਨਿਆਂ ਅਤੇ ਜਿਆਦਤੀ ਅੱਜ ਰਾਸ਼ਟਰੀ ਸੰਸਕ੍ਰਿਤੀ ਬਣ ਗਿਆ ਹੈ। ਸਕੂਲ ਦੀਆਂ ਪਾਠ-ਪੁਸਤਕਾਂ ਵਿੱਚ ਮੁਸਲਿਮਾਂ ਨੂੰ ਨੀਵਾਂ ਦਿਖਾਉਣ ਦੀ ਰੀਤ ਨੇ ਗੁਪਤ ਮਹਾਂਮਾਰੀ ਦਾ ਰੂਪ ਲੈ ਲਿਆ ਹੈ। ਅਤੇ, ਬਦਕਿਸਮਤੀ ਨਾਲ, ਗੈਰ-ਮੁਸਲਿਮ ਪੀੜ੍ਹੀਆਂ ਇਸ ਤਰ੍ਹਾਂ ਦੇ ਚੇਤਨਾ ਨਾਲ ਘਿਰੇ ਮਾਹੌਲ ਵਿੱਚ ਪ੍ਰੌੜ੍ਹਤਾ ਲਈ ਲਗਾਤਾਰ ਅੱਗੇ ਵਧ ਰਹੀਆਂ ਹਨ।

ਇਸ ਪ੍ਰਕਾਰ, ਮੁਸਲਿਮ ਸਮਾਜ ਦੁਆਰਾ ਆਪਣੀ ਰਾਸ਼ਟਰੀ ਪਹਿਚਾਣ, ਆਦਰ-ਸਤਿਕਾਰ ਅਤੇ ਅੰਤਰਿਕ ਇੱਕਜੁੱਟਤਾ 'ਤੇ ਯੋਜਨਾਬੱਧ, ਅਤੇ ਵਾਰ-ਵਾਰ ਹੁੰਦੇ ਹਮਲਿਆਂ ਦਾ ਸਾਹਮਣਾ ਕਰਨ, ਗੱਲਬਾਤ ਕਰਨ ਅਤੇ ਚਾਲਬਾਜ਼ੀ ਦਿਖਾਉਣ ਵਾਲਿਆਂ ਲਈ ਬਰਦਾਸ਼ਤ ਦੀ ਹੱਦ ਟੱਪਦੀ ਜਾ ਰਹੀ ਹੈ। ਇਹ ਮੁਸਲਿਮ ਚੇਤਨਾ, ਮੁਸਲਿਮ ਸਮਾਜ ਦੀ ਉੱਨਤੀ ਅਤੇ ਤਰੱਕੀ ਲਈ ਇਸਦੇ ਲੋੜੀਂਦੇ ਧਿਆਨ ਨੂੰ ਗੰਭੀਰ ਰੂਪ ਵਿੱਚ ਭੁੱਲ ਜਾਣਾ ਦਰਸਾਉਂਦਾ ਹੈ। ਇਸ ਤਰ੍ਹਾਂ, ਕੁਝ ਬਲਾਂ ਨੇ ਸਫਲਤਾਪੂਰਵਕ ਮੁਸਲਮਾਨਾਂ ਦਾ ਸਥਾਨ ਮੱਲ ਲਿਆ ਹੈ ਅਤੇ ਵੱਡੀ ਸੰਖਿਆ ਵਿੱਚ ਮੁਸਲਿਮ ਸਮਾਜ ਸੁਰੱਖਿਆਤਮਿਕ ਤਰੀਕੇ ਨਾਲ ਕੰਮ ਕਰਨ ਤੱਕ ਸੀਮਿਤ ਹੋ ਕੇ ਰਹਿ ਗਿਆ ਹੈ।

ਇੱਕੀਵੀਂ ਸਦੀ ਦੇ ਭਾਰਤੀ ਮੁਸਲਮਾਨਾਂ ਅਤੇ ਇਸਾਈਆਂ ਦੇ ਮੋਢਿਆਂ 'ਤੇ ਇੱਕ ਬਹੁਤ ਵੱਡੀ ਜ਼ੁੰਮੇਵਾਰੀ ਹੈ। ਸਾਨੂੰ ਨਕਰਾਤਮਿਕ ਧਾਰਾਵਾਂ ਨੂੰ ਸਕਰਾਤਮਿਕ ਪਰਿਯੋਜਨਾਵਾਂ ਵਿੱਚ ਬਦਲਣ ਲਈ ਸੰਸਥਾਗਤ ਪਹਿਲ ਦੀ ਲੋੜ ਹੈ। ਇਸ ਲਈ, ਸਾਨੂੰ ਸਹੀ ਢੰਗ ਨਾਲ ਰਣਨੀਤੀ ਬਣਾਉਣ ਦੀ ਲੋੜ ਹੈ। ਇੱਥੋਂ ਤੱਕ ਕਿ 2013 ਵਿੱਚ ਅਤੇ ਸੂਚਨਾ ਦੇ ਅਧਿਕਾਰ ਦੇ ਤਹਿਤ ਵੀ ਕੇਂਦਰੀ ਸਰਕਾਰ ਰਾਸ਼ਟਰਪਤੀ ਦੇ ਅਨੁਸੂਚਿਤ ਜਾਤੀਆਂ ਲਈ ਆਦੇਸ਼ 1950 ਵਿੱਚ ਪੈਰਾ 3 ਸ਼ਾਮਿਲ ਕਰਨ ਦੇ ਪਿੱਛੇ ਵਿਵਰਣ ਦਾ ਖੁਲਾਸਾ ਕਰਨ ਨੂੰ ਤਿਆਰ ਨਹੀਂ ਹੈ। ਦੂਜਾ, ਸਰਕਾਰ ਨੇ ਸੱਚਾਰ ਕਮੇਟੀ ਦੇ ਲੰਬੇ ਸਮੇਂ ਤੋਂ ਕਾਰਜਸ਼ੀਲ ਨਾ ਰਹਿਣ ਦੇ ਕਾਰਨ, ਵਿਹਾਰਿਕ ਰੂਪ ਤੋਂ ਇਸ 'ਤੇ ਧਿਆਨ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਹਾਲ ਹੀ ਵਿੱਚ ਸੀਮਾ-ਨਿਰਧਾਰਣ ਆਯੋਗ ਦੀ ਨਿਯੁਕਤੀ ਕੀਤੀ ਹੈ ਅਤੇ, ਇਸਦੇ ਰਾਹੀਂ, ਵਧੇਰੇ ਸੰਖਿਆ ਵਿੱਚ ਮੁਸਲਿਮ ਆਬਾਦੀ ਵਾਲੇ ਚੋਣ ਇਲਾਕਿਆਂ ਵਿੱਚ ਲੋਕਾਂ ਨੂੰ ਅਨਿਆਂ, ਗੈਰਕਾਨੂੰਨੀ ਅਤੇ ਤਰਕਹੀਣ ਪੇਚੀਦਾ ਉਲਝਣ ਤੋਂ ਮੁਕਤ ਕਰਨ ਦੇ ਅਧਿਕਾਰ ਤੋਂ ਵਾਂਝਾ ਕੀਤਾ ਹੈ ਅਤੇ ਇਸ ਪ੍ਰਕਾਰ ਅਨੁਸੂਚਿਤ ਜਾਤੀਆਂ ਨਾਲ ਵਿਤਕਰਾ ਕੀਤਾ ਹੈ। ਤੀਜਾ, ਸਰਕਾਰ ਨੇ ਸੀਮਿਤ ਪ੍ਰਤੀਯੋਗੀ ਪ੍ਰੀਖਿਆ ਦੇ ਰਾਹੀਂ ਭਾਰਤੀ ਪੁਲਿਸ ਸੇਵਾ ਦੀਆਂ 1400 ਵਾਧੂ ਅਸਾਮੀਆਂ ਨੂੰ ਭਰਨ ਲਈ ਮੁਸਲਿਮ-ਵਿਰੋਧੀ ਸੂਚਨਾ 2010 ਨੂੰ ਅਜੇ ਤੱਕ ਵਾਪਸ ਨਹੀਂ ਲਿਆ ਹੈ। ਅਤੇ ਇਸ ਤਰ੍ਹਾਂ ਦੀ ਸੂਚੀ ਬਹੁਤ ਲੰਬੀ ਹੈ। ਰਾਸ਼ਟਰੀ ਰਾਜਨੀਤਿਕ-ਚੋਣ ਬਿਸਾਤ 'ਤੇ, ਅਸੀਂ ਭਾਰਤ ਦੇ ਮੁਸਲਮਾਨ ਅਤੇ ਇਸਾਈ, ਪਿਛਲੇ 65 ਸਾਲ ਤੋਂ ਬਿਨਾਂ ਕਿਸੇ ਨੂੰ ਨੁਕਸਾਨ ਪਹੁੰਚਾਏ, ਪੈਦਲ ਯਾਤਰੀਆਂ ਦੀ ਚਾਲੇ ਚੱਲ ਰਹੇ ਹਾਂ। ਸਾਨੂੰ ਇਸ ਸਦੀ ਵਿੱਚ ਲਾਜ਼ਮੀ ਤੌਰ 'ਤੇ ਇਸ ਹੌਲੀ ਤਰੱਕੀ ਨੂੰ ਦੂਰ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ। ਭਾਰਤੀ ਸਮਾਜਿਕ-ਰਾਜਨੀਤਿਕ ਸੰਸਥਾਵਾਂ ਦੇ ਰੂਪ ਵਿੱਚ ਅਸੀਂ ਬੁਰੀ ਤਰ੍ਹਾਂ ਅਸਫਲ ਰਹੇ ਹਾਂ ਰੇਟਰੋਗ੍ਰੇਡ ਦੇ ਰਾਹ ਦੀ ਡੂੰਘਾਈ ਵਿੱਚ ਜਾਣ ਲਈ ਸਾਨੂੰ ਗੰਭੀਰ ਅਪਮਾਨ ਸਹਿਣਾ ਪਿਆ ਹੈ। ਸਾਡੇ ਕੋਲ ਸਾਡੀ ਆਉਣ ਵਾਲੀਆਂ ਪੀੜ੍ਹੀਆਂ ਦੇ ਸਮਾਜਿਕ ਜੀਵਨ 'ਚ ਸੁਧਾਰ ਕਰਨ ਦਾ ਅਧਿਕਾਰ ਨਹੀਂ ਹੈ। ਸਮਾਜ ਦੀ ਨੀਤੀ ਨੂੰ ਬਦਲਣ ਲਈ ਸਹੀ ਕੰਮ ਕਰਨ ਦਾ ਹੁਣ ਸਹੀ ਮੌਕਾ ਹੈ। ਰਾਸ਼ਟਰੀ ਬਿਸਾਤ 'ਤੇ ਪੈਦਲ ਯਾਤਰੀਆਂ ਦੀ ਤਰ੍ਹਾਂ ਚੱਲਦੇ ਰਹਿਣ ਦੀ ਬਜਾਏ, ਸਾਨੂੰ ਅੱਗੇ ਵਧਣਾ ਚਾਹੀਦਾ ਹੈ ਅਤੇ ਆਪਣੇ ਆਪ ਨੂੰ ਉਸ ਰਾਣੀ ਦੀ ਤਰ੍ਹਾਂ ਸ਼ਕਤੀਸ਼ਾਲੀ ਬਣਾਉਣਾ ਚਾਹੀਦਾ ਹੈ ਜੋ ਵੱਖ-ਵੱਖ ਦਿਸ਼ਾਵਾਂ ਵਿੱਚ ਕਈ ਡੱਬੇ ਅੱਗੇ ਵੱਧ ਸਕਦੀ ਹੈ।

1950 ਵਿੱਚ ਸਾਡੇ ਸੰਵਿਧਾਨ ਵਿੱਚ ਦੇਸ਼ ਦੇ ਗੈਰ-ਮੁਸਲਮਾਨਾਂ, ਗੈਰ-ਇਸਾਈਆਂ ਦਲਿਤ ਨਾਗਰਿਕਾਂ ਲਈ ਲਾਜ਼ਮੀ ਤੌਰ 'ਤੇ ਹੱਕ ਰਾਖਵੇਂ ਰੱਖੇ ਗਏ ਸਨ ਅਤਜੇ ਬਾਅਦ ਵਿੱਚ 'ਹੋਰ ਪਿਛੜੀਆਂ ਜਾਤੀਆਂ' ਲਈ 42% ਹੱਕ ਰਾਖਵੇਂ ਰੱਖੇ ਗਏ। ਬੇਸ਼ੱਕ ਇਸ ਦੇ ਨਤੀਜੇ ਵਜੋਂ ਰਾਸ਼ਟਰੀ ਆਬਾਦੀ ਦੇ ਇਸ ਬਹੁਮੁੱਲੇ ਹਿੱਸੇ ਦੀ ਸਿੱਖਿਅਕ ਅਤੇ ਆਰਥਿਕ ਤੌਰ 'ਤੇ ਤਰੱਕੀ ਹੋਈ। ਹਾਲਾਂਕਿ, ਉੱਥੇ ਵੀ ਅੰਤਰ-ਵੰਡ ਸਮਾਜਿਕ ਰੁਤਬੇ ਵਿੱਚ ਬਿਲਕੁਲ ਵੀ ਸੁਧਾਰ ਨਹੀਂ ਹੋਇਆ। ਅਨੁਸੂਚਿਤ ਜਾਤੀਆਂ ਅਤੇ ਹੋਰ ਪਿਛੜੀਆਂ ਜਾਤੀਆਂ ਉਸੇ ਸਦੀਆਂ ਪੁਰਾਣੇ ਹਾਲ ਵਿੱਚ ਜੀਵਨ ਵਤੀਤ ਕਰ ਰਹੀਆਂ ਹਨ। ਉਹ ਲੋਕ ਹੁਣ ਮਾਨਸਿਕ ਪ੍ਰਤਾੜਣਾ ਅਤੇ ਨਿਰਾਸ਼ਾ, ਬਾਈਕਾਟ, ਵਰਜਨ, ਅਤੇ ਸਮਾਜ ਵਿੱਚੋਂ ਕੱਢੇ ਜਾਣ ਦੇ ਸ਼ਿਕਾਰ ਹੋ ਰਹੇ ਹਨ। ਉਹ

ਲਗਾਤਾਰ ਸਮਾਜ ਵਿੱਚ ਨੀਵੇਂ ਹੁੰਦੇ ਜਾ ਰਹੇ ਹਨ। ਗੈਰ-ਅਨੁਸੂਚਿਤ ਜਾਤੀਆਂ ਅਤੇ ਗੈਰ-ਹੋਰ ਪਿਛੜੀਆਂ ਜਾਤੀਆਂ ਦੇ ਸਮਾਜਿਕ ਵਰਗੀਕਰਨ ਚੇਤਨ ਵਿੱਚ ਪ੍ਰੋ-ਐਸ/ਓਬੀਸੀ ਦਾ ਨਾਮੋ-ਨਿਸ਼ਾਨ ਨਹੀਂ ਹੈ। ਪਰਿਵਰਤਨ ਲਿਆਉਣ ਲਈ, ਲੱਖਾਂ ਲੋਕਾਂ ਨੂੰ ਆਪਣੀ ਹਜ਼ਾਰਾਂ ਸਾਲਾਂ ਪੁਰਾਣੀ ਸਮਾਜਿਕ ਸੰਸਕ੍ਰਿਤੀ ਨੂੰ ਅਲਵਿਦਾ ਕਹਿਣਾ ਪਿਆ ਜੋ ਕਿ ਉਨ੍ਹਾਂ ਦੇ ਧਾਰਮਿਕ ਸਾਹਿਤ ਅਤੇ ਰੀਤੀ-ਰਿਵਾਜ਼ਾਂ ਵਿੱਚ ਗਹਿਰਾਈ ਨਾਲ ਵਸੀ ਹੋਈ ਸੀ। 1950 ਦਾ ਸਮੁੱਚਾ ਪ੍ਰੋ-ਐਸਸੀ ਸੰਵਿਧਾਨਿਕ ਢਾਂਚਾ ਅਤੇ ਬਾਅਦ ਵਿੱਚ ਹੋਏ ਸੰਸ਼ੋਧਨ ਲੋਕਾਂ ਦੇ ਮਨਾਂ ਵਿੱਚ ਜ਼ਰੂਰੀ ਪਰਿਵਰਤਨ ਲਿਆਉਣ ਵਿੱਚ ਅਸਫਲ ਰਹੇ। ਇਸ ਉਦੇਸ਼ ਲਈ ਸਾਡਾ ਸਮੁੱਚਾ ਸੰਵਿਧਾਨ ਅਤੇ ਕਾਨੂੰਨੀ ਪੁਸਤਕ ਇੱਕ ਬਹੁਰੂਪੀ-ਪ੍ਰਦਰਸ਼ਕ ਦੇ ਰੂਪ ਵਿੱਚ ਕੰਮ ਨਹੀਂ ਕਰ ਸਕਦੇ।

ਅਨੁਸੂਚਿਤ ਜਾਤੀਆਂ, ਜਨ-ਜਾਤੀਆਂ ਅਤੇ ਹੋਰ ਪਿਛੜੀਆਂ ਜਾਤੀਆਂ ਦੇ ਦੁੱਖ ਦੂਰ ਕਰਨ ਲਈ ਉਨ੍ਹਾਂ ਦੇ ਜਖਮਾਂ 'ਤੇ ਮੱਲ੍ਹਮ ਲਗਾਉਣ ਲਈ, ਚੌਦਾਂ ਸਦੀਆਂ ਪਹਿਲਾਂ ਮਾਨਵਤਾ ਲਈ ਦਯਾ ਕਰਨ ਵਾਲਾ (ਪਬੂਹ) ਮਸੀਹਾ, ਹੀਰਾ ਦੀ ਗੁਫਾ ਵਿੱਚ ਪ੍ਰਗਟ ਹੋਇਆ। ਉਸ ਨੇ ਦਿਲ ਦੇ ਦੁੱਖਾਂ ਨੂੰ ਦੂਰ ਕਰਨ ਅਤੇ ਜਾਤ-ਪਾਤ ਦੇ ਅੰਤਰ ਨੂੰ ਭਰਨ ਲਈ ਮਾਨਵਤਾ ਨੂੰ ਰਾਮਬਾਣ ਦਿੱਤਾ। ਉਨ੍ਹਾਂ ਨੇ ਗੁਲਾਮੀ ਦੀ ਸਮਾਪਤੀ ਦੀ ਘੋਸ਼ਣਾ ਕੀਤੀ। ਸਮਾਨਤਾ ਨੂੰ ਸਮਾਜਿਕ ਗੱਲਬਾਤ ਦੀ ਧੁਰੀ ਕਹਿ ਕੇ ਸੱਦਿਆ। ਫਿਰ, ਕਿਉਂ ਅਸੀਂ ਕ੍ਰਾਂਤੀ ਨਹੀਂ ਲਿਆ ਸਕਦੇ ਅਤੇ ਆਪਣੇ ਸਾਥੀ ਨਾਗਰਿਕਾਂ ਨੂੰ ਖੁਸ਼ ਨਹੀਂ ਕਰ ਸਕਦੇ ਹਾਂ? ਇਸ ਲਈ ਕਿਉਂ ਨਹੀਂ ਅਸੀਂ ਇਸ ਰਾਮਬਾਣ ਰੂਪੀ ਤੋਹਫ਼ੇ ਦਾ ਇਸਤੇਮਾਲ ਕਰਦੇ? ਕਿਉਂ ਨਹੀਂ ਅਸੀਂ ਅੱਲਾਮਾ ਇਕਬਾਲ ਦੀ ਭਵਿੱਖਬਾਣੀ ਨੂੰ ਸੱਚ ਕਰਨ ਦੀ ਕੋਸ਼ਿਸ਼ ਕਰਦੇ:

ਨਿਕਲ ਕੇ ਸ਼ਹਿਰ ਸੇ ਜਿਸਨੇ ਰੋਮਾਨ ਕੀ ਸਲਤਨਤ ਕੋ ਪਲਟ ਦਿਆ ਥਾ,
ਸੁਨਾ ਹੈ ਯੇ ਕੁਦਸ਼ੀਓਂ ਸੇ ਮੈਨੇਂ ਵੋ ਸ਼ੇਰ ਫਿਰ ਹੋਸ਼ਿਆਰ ਹੋਗਾ।

ਸਵਰਗਦੂਤ ਸਮਾਨ ਇਸ ਆਵਾਜ਼ ਦਾ ਕਹਿਣਾ ਹੈ ਕਿ ਇੱਕ ਸ਼ੇਰ ਜੋ ਰੇਗਿਸਤਾਨ ਤੋਂ ਗਰਜਿਆ ਅਤੇ ਜਿਸਨੇ ਰੋਮਨ ਸਲਤਨਤ ਨੂੰ ਹਿਲਾ ਦਿੱਤਾ ਉਹ ਫਿਰ ਤੋਂ ਊਰਜਾ ਨਾਲ ਭਰੇਗਾ।

ਸਾਨੂੰ ਸਹੀ ਤਰੀਕੇ ਨਾਲ ਇਸਲਾਮ ਦੇ ਬੁਨਿਆਦੀ ਉਪਦੇਸ਼ ਨੂੰ ਸਮਝਣਾ ਹੋਵੇਗਾ ਅਤੇ ਇਸਦੀ ਸ਼ਲਾਘਾ ਕਰਨੀ ਹੋਵੇਗੀ ਅਤੇ ਅਸਲ ਵਿੱਚ ਇਸ ਨੂੰ ਵਰਤਣਾ ਹੋਵੇਗਾ। ਇਸ ਮਹੱਤਵਪੂਰਨ ਮੁੱਦੇ ਬਾਰੇ ਮੈਂ ਵਿਸਥਾਰ ਸਹਿਤ ਅਨੁਸੂਚਿਤ ਜਾਤੀਆਂ ਨੇ ਪ੍ਰਧਾਨ ਸ਼੍ਰੀ ਉਦਿਤ ਰਾਜ ਨਾਲ ਇਸ ਬਾਰੇ ਗੱਲਬਾਤ ਕੀਤੀ ਹੈ। ਮੈਨੂੰ ਖੁਸ਼ੀ ਹੈ ਕਿ, ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਹ ਜੱਜ ਮਿਸ਼ਰਾ ਆਯੋਗ ਅਤੇ ਸੱਚਾਰ ਕਮੇਟੀ ਦੀ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਨਾ ਕਿ 1950 ਦੇ ਰਾਸ਼ਟਰਪਤੀ ਦੇ ਅਨੁਸੂਚਿਤ ਜਾਤੀ ਆਦੇਸ਼ ਵਿੱਚੋਂ ਪੈਰਾ 3 ਨੂੰ ਹਟਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਅਨੁਸੂਚਿਤ ਜਾਤੀਆਂ ਦੀ ਪਰਿਭਾਸ਼ਾ ਵਿੱਚੋਂ ਕੁਝ ਵਿਸ਼ੇਸ਼ ਧਾਰਮਿਕ ਨਿਸ਼ਠਾ ਨੂੰ ਹਟਾ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਆਪਣੇ ਵਿਚਾਰ ਲਿਖਤੀ ਰੂਪ ਵਿੱਚ ਵੀ ਦਿੱਤੇ ਹਨ। ਫਿਰ ਕਿਉਂ ਨਾ ਅਸੀਂ ਮੁਸਲਮਾਨ 65 ਸਾਲ ਪੁਰਾਣੇ ਇਸ ਧਾਰਮਿਕ ਪੱਖਵਾਦ ਨੂੰ ਦੂਰ ਕਰਨ ਲਈ

ਸਨਾਤਨ ਭਵਿੱਖਬਾਣੀ ਨੂੰ ਅਪਣਾਈਏ। ਇਸ ਬਾਰੇ ਮੈਂ ਇਸਾਈ ਅਤੇ ਐਸਟੀ ਪ੍ਰਮੁੱਖ ਨਾਲ ਵੀ ਗੱਲਬਾਤ ਕਰ ਰਿਹਾ ਹਾਂ। ਉਹ ਵੀ ਮੁਸਲਮਾਨਾਂ ਦੀ ਹੀ ਤਰ੍ਹਾਂ 65 ਸਾਲਾਂ ਤੋਂ ਧਰਮ ਦੇ ਆਧਾਰ 'ਤੇ ਹੁੰਦੇ ਵਿਤਕਰੇ ਨੂੰ ਦੂਰ ਕਰਨ ਲਈ ਇਸ ਅਭਿਆਨ ਦਾ ਸਮਰਥਨ ਕਰਨ ਵਾਸਤੇ ਪੂਰੀ ਤਰ੍ਹਾਂ ਤਿਆਰ ਹਨ। ਜੇਕਰ 1950 ਦੇ ਕਾਰਜਕਾਰੀ ਆਦੇਸ਼ ਵਿੱਚੋਂ ਪੈਰਾ 3 ਹਟਾ ਦਿੱਤਾ ਜਾਂਦਾ ਹੈ. ਤਾਂ ਮੁਸਲਿਮ ਅਤੇ ਇਸਾਈ ਨਾਈਆਂ, ਲੋਹਾਰਾਂ ਅਤੇ ਮੋਚੀਆਂ ਨੂੰ ਉਹੀ ਸੰਵਿਧਾਨਿਕ ਵਿਚਾਰ ਅਤੇ ਅਧਿਕਾਰ ਪ੍ਰਾਪਤ ਹੋਣਗ਼ੇ ਜੋ ਕਿ ਹਿੰਦੂ/ਸਿੱਖ/ ਬੁੱਧ ਨਾਈਆਂ, ਲੋਹਾਰਾਂ ਅਤੇ ਮੋਚੀਆਂ ਨੂੰ 65 ਸਾਲਾਂ ਤੋਂ ਪ੍ਰਾਪਤ ਹਨ। ਇਸਦਾ ਅਰਥ ਹੈ ਕਿ, ਉਨ੍ਹਾਂ ਨੂੰ ਸੰਸਦ, ਵਿਧਾਨਸਭਾ, ਜ਼ਿਲ੍ਹਾ/ਤਾਲੁਕਾ ਪਰਿਸ਼ਦ, ਪੰਚਾਇਤ ਸੰਮਤੀਆਂ ਅਤੇ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਵਿੱਚ ਖੜ੍ਹੇ ਹੋਣ ਅਤੇ ਚੁਣੇ ਜਾਣ ਦਾ ਅਧਿਕਾਰ ਪ੍ਰਾਪਤ ਹੋਵੇਗਾ। ਉਨ੍ਹਾਂ ਨੂੰ ਨੌਕਰਸ਼ਾਹੀ ਲਈ ਰਾਖਵੀਆਂ ਅਸਾਮੀਆਂ ਵਿੱਚ ਸ਼ਾਮਿਲ ਹੋਣ ਦਾ ਅਧਿਕਾਰ ਪ੍ਰਾਪਤ ਹੋਵੇਗਾ ਜਿਸ ਵਾਸਤੇ ਯੂਪੀਐਸਸੀ ਦੀ ਸਿਵਿਲ ਸਰਵਿਸਿਜ਼ ਪ੍ਰੀਖਿਆ ਦੇ ਰਾਹੀਂ ਹਰੇਕ ਸਾਲ ਚੋਣ ਕੀਤੀ ਜਾਂਦੀ ਹੈ। ਉਹ ਸਿੱਖਿਅਕ ਸੰਸਥਾਵਾਂ ਵਿੱਚ ਦਾਖਲੇ ਲਈ ਰਾਖਵੀਆਂ ਸੀਟਾਂ ਦੇ ਹੱਕਦਾਰ ਹੋ ਜਾਣਗੇ।

ਇਸ ਲਈ, ਸਾਨੂੰ, ਭਾਰਤ ਦੇ ਮੁਸਲਮਾਨਾਂ ਨੂੰ, ਮੁੱਖ ਤੌਰ 'ਤੇ ਬਿਹਤਰ ਅਤੇ ਸੱਚੇ ਮੁਸਲਮਾਨ ਬਣਨਾ ਪਵੇਗਾ। ਸਾਨੂੰ ਆਪਣੇ ਆਪ ਨੂੰ ਭਰਪੂਰ ਸ਼ਲਾਘਾ ਦੇਣੀ ਹੋਵੇਗੀ ਤਾਂਕਿ ਜਿਸ ਦਿਨ ਅਸੀਂ ਪ੍ਰਮਾਤਮਾ ਨੂੰ ਮਿਲੀਏ ਸਾਡਾ ਮਨ ਅੰਦਰੇ-ਅੰਦਰ ਆਪਣੇ-ਆਪ ਨੂੰ ਇਨਾਮ ਦੇਵੇ। ਇਸ ਗਿਆਨ ਦੇ ਨਾਲ, ਸਾਨੂੰ ਮਾਨਵਤਾ ਦੇ ਸੁਧਾਰ ਲਈ ਆਪਣੇ ਵੱਲੋਂ ਸਰਬੋਤਮ ਕੰਮ ਕਰਨਾ ਪਵੇਗਾ। ਪੂਰੀ ਤਰ੍ਹਾਂ ਅਤੇ ਉਤਸ਼ਾਹਪੂਰਵਕ ਸਮੁੱਚੀ ਮਨੁੱਖੀ ਸਮਾਨਤਾ ਲਈ ਅਧਿਕਾਰ ਲਾਗੂ ਕਰਕੇ, ਸਾਨੂੰ ਵਿਸ਼ੇਸ਼ ਤੌਰ 'ਤੇ ਅਨੁਸੂਚਿਤ ਅਤੇ ਹੋਰ ਪਿਛੜੀਆਂ ਜਾਤੀਆਂ ਲਈ ਪ੍ਰੇਮ ਦਾ ਹੱਥ ਵਧਾਉਣਾ ਹੋਵੇਗਾ, ਸਦੀਆਂ ਤੋਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਪੁੱਜ ਰਹੀ ਠੇਸ ਨੂੰ ਦੂਰ ਕਰਨ ਲਈ ਉਨ੍ਹਾਂ ਨੂੰ ਸਮਾਜ ਵਿੱਚ ਦੂਜੇ ਮਨੁੱਖਾਂ ਦੀ ਤਰ੍ਹਾਂ ਹੀ ਇੱਜ਼ਤ-ਸਤਿਕਾਰ ਦੇਣਾ ਹੋਵੇਗਾ। ਇਸ ਤਰ੍ਹਾਂ, ਅਸੀਂ ਮਿਲਜੁਲ ਕੇ ਅੱਗੇ ਵਧ ਸਕਦੇ ਹਾਂ। ਫਿਰ ਸਾਡੀ ਸੰਯੁਕਤ ਚੋਣ ਤਾਕਤ (ਜਨਗਣਨਾ ਦੇ ਅਨੁਸਾਰ) ਕਈ ਗੁਣਾ ਤੱਕ ਵਧ ਸਕਦੀ ਹੈ ਅਤੇ ਅਸੀਂ ਬਹੁਤ ਅੱਗੇ ਵਧ ਸਕਦੇ ਹਾਂ। ਇਸ ਤਰ੍ਹਾਂ, ਸਾਨੂੰ ਅਨੁਸੂਚਿਤ ਜਾਤੀਆਂ, ਜਨ-ਜਾਤੀਆਂ ਅਤੇ ਹੋਰ ਪਿਛੜੀਆਂ ਜਾਤੀਆਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਅਤੇ ਪਵਿੱਤਰ ਕੁਰਾਨ ਵਿੱਚ ਪ੍ਰਮਾਤਮਾ ਨੇ ਸਾਨੂੰ ਜੋ ਕਿਹਾ ਹੈ ਉਸ ਨੂੰ ਮੰਨਦੇ ਹੋਏ ਉਨ੍ਹਾਂ ਨਾਲ ਮਿਲਜੁਲ ਕੇ ਰਹਿਣ ਦੀ ਨੀਤੀ ਅਪਣਾਉਣੀ ਚਾਹੀਦੀ ਹੈ।

ਲੇਖਕ ਹਨ, ਪ੍ਰਧਾਨ, ਜ਼ਾਕਾਤ ਫਾਉਡੇਂਸ਼ਨ ਔਫ ਇੰਡੀਆ। ਈਮੇਲ:

info@zakatindia.org